## ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

### ਵਾਹਿਗੁਰੂ ਮਿਹਰ ਕਰੇ! ਢਾਢੀ ਕਵੀਸ਼ਰ ਕਲਾ ਦਾ ਭਵਿੱਖ ਚੜਦੀ ਕਲਾ ਵਾਲਾ ਹੋਵੇ

ਢਾਡੀ ਅਤੇ ਕਵੀਸ਼ਰ ਗਾਈਕੀ ਸਦੀਆਂ ਪੁਰਾਣੀ ਕਲਾ ਹੈ। ਸਾਡੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਗੁਰਬਾਣੀ ਦੇ ਸ਼ਬਦਾਂ ਨੂੰ ਇਕੱਠੇ ਹੋ ਕੇ ਰਾਗਾਂ ਵਿੱਚ ਗਾਉਣ ਨੂੰ ਮਾਨਤਾ ਦਿੰਦਿਆ ਕੀਰਤਨ ਦਾ ਆਰੰਭ ਕੀਤਾ। ਉਸ ਤੋਂ ਬਾਅਦ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਢਾਡੀਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਬੁਲਾ ਕੇ ਢਾਡੀ ਵਾਰਾਂ ਸੁਨਣੀਆ ਸ਼ੁਰੂ ਕੀਤੀਆਂ। ਸਾਜਾਂ ਦੇ ਨਾਲ ਵਾਰਾਂ ਗਾਉਣ ਦੀ ਉਸ ਕਲਾ ਨੂੰ ਢਾਡੀ ਕਲਾ ਦਾ ਨਾਮ ਮਿਲਿਆ। ਸਮਾਂ ਹੋਰ ਅੱਗੇ ਤੁਰਿਆ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਵੀਆਂ ਨੂੰ ਬਹੁੱਤ ਹੀ ਉਤਸਾਹਿਤ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਸਮੇਂ ਆਪਣੇ ਕੋਲ 52 ਕਵੀ ਰੱਖੇ ਹੋਏ ਸਨ ਜਿਨ੍ਹਾ ਤੋ ਗੁਰੂ ਜੀ ਕਵਿਤਾਵਾਂ ਅਤੇ ਗੁਰੂ ਜਸ ਸੁਣਦੇ ਅਤੇ ਉਨ੍ਹਾ ਕਵੀਆਂ ਨੂੰ ਹਾਥੀ, ਘੋੜਿਆ ਨਾਲ ਸਨਮਾਨਿਤ ਕਰਦੇ। ਇਸੇ ਤਰ੍ਹਾਂ ਇਸ ਕਲਾ ਦੇ ਅਗਾਂਹ ਪਹੁੰਚਣ ਤੇ ਕਵੀ ਇਕੱਠੇ ਹੋ ਕੇ ਗਾਉਣ ਲੱਗੇ। ਦੋ-ਦੋ ਦੀਆਂ ਜੋੜੀਆਂ ਬਣਾ ਕੇ ਜਾ ਤਿੰਨ-ਤਿੰਨ ਦੀਆਂ ਤਿਕੜੀਆਂ ਬਣਾ ਕੇ ਗਾਉਣ ਲੱਗੇ ਤਾਂ ਕਵੀਆਂ ਦੀ ਇਹ ਗਾਇਕੀ ਕਵੀਸ਼ਰੀ ਗਾਈਕੀ ਬਣ ਗਈ। ਪੜਾਅ ਦਰ ਪੜਾਅ ਕੀਰਤਨ, ਢਾਡੀ ਅਤੇ ਕਵੀਸ਼ਰੀ ਗਾਇਕੀ ਵਿੱਚ ਥੋੜੇ-ਬਹੁੱਤੇ ਫੇਰ ਬਦਲ ਹੁੰਦੇ ਗਏ ਪਰ ਮੁੱਖ ਤੌਰ ਇਸ ਗਾਇਕੀ ਦੀ ਉਹੀ ਪੁਰਾਤਣ ਪ੍ਰਮਪਰਾ ਕਾਇਮ ਹੈ।

ਹੁਣ ਮੈਂ ਜਿਕਰ ਕਰਦਾ ਹਾਂ ਮੇਰੇ ਢਾਡੀ ਕਵੀਸ਼ਰਾਂ ਨਾਲ ਸਬੰਧ ਬਾਰੇ। ਹੁਣ ਪਿਛਲੇ ਕੁੱਝ ਦਿਨ੍ਹਾ ਦੌਰਾਨ ਮੈਂ ਆਪਣੀ ਫਾਉਂਡੇਸ਼ਨ ਵੱਲੋਂ ਚਲਾਈ ਜਾ ਰਹੀ ਢਾਢੀ ਕਵੀਸ਼ਰ ਕਲਾ ਬਚਾਓ ਲਹਿਰ ਦੇ ਆਈ ਕਾਰਡ ਜਾਰੀ ਕੀਤੇ ਸਨ। ਉਹ ਆਈ ਕਾਰਡ ਪ੍ਰਿਟ ਕਰਵਾਉਣ ਲਈ ਜਦ ਜਲੰਧਰ ਭੇਜੇ ਤਾਂ ਉਸ ਪ੍ਰਿਟਿੰਗ ਪ੍ਰਿਸ ਵਾਲੇ ਭਾਜੀ ਮੈਂਨੂੰ ਪੁਛਣ ਲੱਗੇ ਕਿ ਤੇਰਾ ਢਾਡੀਆਂ, ਕਵੀਸ਼ਰਾਂ ਨਾਲ ਕੀ ਸਬੰਧ ਹੈ? ਤੂੰ ਕਿਉਂ ਢਾਢੀ ਕਵੀਸ਼ਰ ਕਲਾ ਬਚਾਓ ਲਹਿਰ ਬਣਾਈ ? ਉਨ੍ਹਾਂ ਵਾਗ ਬਾਕੀ ਸਭ ਦੇ ਮਨ ਵਿੱਚ ਵੀ ਹੋਵੇਗਾ ਕਿ ਮੇਰਾ ਢਾਢੀ ਕਵੀਸ਼ਰ ਨਾਲ ਸਬੰਧ ?

ਇਥੇ ਮੈਂ ਸਭ ਪਾਠਕਾਂ ਨਾਲ ਦਿਲ ਦੀ ਇਹ ਗੱਲ ਸਾਂਝੀ ਕਰ ਰਿਹਾ ਹਾਂ ਕਿ ਮੇਰੇ ਗੁਰੂ! ਚਾਹੇ ਉਹ ਮੇਰੇ ਪੱਤਰਕਾਰੀ ਅਤੇ ਨਾਟਕ ਕਲਾ ਦੇ ਗੁਰੂ ਸਨ ਪਰ ਮੇਰੇ ਉਹ ਗੁਰੂ ਆਪ ਖੁਦ ਪ੍ਰਸਿੱਧ ਢਾਡੀ ਸਨ। ਢਾਡੀ ਗੁਰਬਖਸ਼ ਸਿੰਘ ਅਲਬੇਲਾ। ਜਿਹੜੇ ਸਾਨੂੰ ਬੇ-ਵਕਤ ਵਿਛੋੜਾ ਦੇ ਗਏ। ਹਾਲੇ ਮੇਰੇ ਵਰਗੇ ਪਤਾ ਨਹੀਂ ਕਿੰਨੇ ਵਿਅਕਤੀਆਂ ਨੂੰ ਉਨ੍ਹਾਂ ਦੀ ਜਰੂਰਤ ਸੀ। ਪਰ ਰੱਬ ਦਾ ਭਾਣਾ। ਖੈਰ! ਉਨ੍ਹਾ ਦੇ ਕੋਲ ਬਹੁੱਤ ਸਮਾਂ ਬਿਤਾਇਆ। ਕਈ-ਕਈ ਦਿਨ ਉਨ੍ਹਾ ਕੋਲ ਰਹਿੰਦਾ ਰਿਹਾਂ ਹਾਂ ਜਿਸ ਕਾਰਨ ਉਨ੍ਹਾ ਦੇ ਬੇਅੰਤ ਸ਼ਗਿਰਦ ਜੋ ਢਾਡੀ ਕਲਾ ਦੀਆਂ ਬਰੀਕੀਆਂ ਸਿਖਣ ਲਈ ਉਨ੍ਹਾ ਕੋਲ ਆਉਂਦੇ ਸਨ ਉਨ੍ਹਾ ਨਾਲ ਮੇਰੇ ਸਬੰਧ ਬਣ ਗਏ। ਦੂਸਰਾ ਇਹ ਸੰਯੋਗ ਬਣਿਆ ਕਿ ਮੇਰੇ ਬਿਓਰੋ ਦੇ ਸਟਾਫ ਵਿਚੋਂ ਸਭ ਤੋਂ ਸੀਨੀਅਰ ਪੱਤਰਕਾਰ ਵੀ ਢਾਡੀ ਹੈ ਢਾਡੀ ਸਾਧੂ ਸਿੰਘ ਧੰਮੂ। ਢਾਡੀ ਸਾਧੂ ਸਿੰਘ ਧੰਮੂ ਅੰਤਰ-ਰਾਸ਼ਟਰੀ ਪੱਧਰ ਦਾ ਪ੍ਰਸਿੱਧ ਢਾਡੀ ਹੈ। ਉਸ ਦੇ ਵੀ ਕਈ ਸ਼ਗਿਰਦ ਹਨ ਅਤੇ ਸੀਨੀਅਰ ਢਾਡੀ ਅਤੇ ਸੀਨੀਅਰ ਪੱਤਰਕਾਰ ਹੋਣ ਕਾਰਨ ਬਹੁੱਤ ਸਾਰੇ ਹੋਰ ਢਾਡੀ, ਕਵੀਸ਼ਰ ਆਪਣੀਆਂ ਸਮੱਸਿਆਵਾਂ ਲੈ ਕੇ ਉਸ ਕੋਲ ਆਉਂਦੇ ਰਹਿੰਦੇ ਹਨ। ਜਿਨ੍ਹਾਂ ਦੇ ਹੱਲ ਲਈ ਉਹ ਅਕਸਰ ਮੇਰੇ ਨਾਲ ਸੰਪਰਕ ਕਰਦਾ ਰਹਿੰਦਾ ਸੀ। ਇਸੇ ਕਾਰਨ ਮੇਰੇ ਮਨ ਵਿੱਚ ਢਾਢੀ ਕਵੀਸ਼ਰ ਕਲਾ ਬਚਾਓ ਲਹਿਰ ਦਾ ਵੱਡੇ ਪੱਧਰ ਤੇ ਗਠਨ ਕਰਨ ਦਾ ਵਿਚਾਰ ਆਇਆ।

ਜੇਕਰ ਢਾਢੀ ਕਵੀਸ਼ਰ ਜੱਥਿਆਂ ਦੀ ਗੱਲ ਕਰੀਏ ਤਾਂ ਇਹ ਗਿਣਤੀ ਤੋਂ ਬਾਹਰ ਦੀਆਂ ਗੱਲਾ ਹਨ। ਪੁਰਾਣੇ ਢਾਢੀ ਕਵੀਸ਼ਰਾਂ ਵਿੱਚ ਕਵੀਸ਼ਰ ਬਾਬੂ ਰਜਬ ਅਲੀ ਖਾਨ, ਸੋਹਣ ਸਿੰਘ ਸ਼ੀਤਲ, ਪਾਲ ਸਿੰਘ ਪੰਛੀ, ਸਾਧੂ ਦਇਆ ਸਿੰਘ ਆਰਿਫ, ਕਾਲੀ ਦਾਸ, ਮੱਘਰ ਸਿੰਘ ਹਠੂਰ, ਮੋਹਣ ਸਿੰਘ ਰੋਡੇ, ਦੇ ਨਾਮ ਜਿਕਰਯੋਗ ਹਨ ਜਿਨ੍ਹਾਂ ਦੀ ਢਾਢੀ ਕਵੀਸ਼ਰ ਕਲਾ ਨੂੰ ਬਹੁੱਤ ਵੱਡੀ ਦੇਣ ਹੈ। ਇਨ੍ਹਾ ਤੋਂ ਬਾਅਦ ਮਸ਼ਹੂਰ ਕਵੀਸ਼ਰ ਬਾਪੂ ਕਰਨੈਲ ਸਿੰਘ ਪਾਰਸ ਰਾਮੂੰਵਾਲੀਆ ਅਤੇ ਢਾਢੀ ਕਲਾ ਦੇ ਥੰਮ ਮਾ. ਗੁਰਬਖਸ਼ ਸਿੰਘ ਅਲਬੇਲਾ ਜਿਨ੍ਹਾ ਦਾ ਮੈਂ ਪਹਿਲਾਂ ਜਿਕਰ ਕੀਤਾ ਹੈ ਇਨ੍ਹਾ ਨੂੰ ਅਸੀਂ ਅੱਖੀ ਤੱਕਿਆ ਹੈ। ਇਨ੍ਹਾ ਸ਼ਖਸੀਅਤਾ ਦੀ ਦੇਣ ਨਹੀਂ ਦਿੱਤੀ ਜਾ ਸਕਦੀ।

ਅੱਜ ਦੇ ਢਾਢੀ ਕਵੀਸ਼ਰ ਜੱਥਿਆਂ ਨਾਲ ਇੱਕ ਗਿਲਾ ਵੀ ਕਰਨਾ ਬਣਦਾ ਹੈ। ਮੈਂ ਆਮ ਹੀ ਧਾਰਮਿਕ ਸਟੇਜਾਂ ਤੇ ਢਾਢੀ ਕਵੀਸ਼ਰ ਜੱਥਿਆਂ ਤੋਂ ਇਹ ਸ਼ਿਕਵਾ ਕਰਦੇ ਸੁਣਦਾ ਹਾਂ ਕਿ ਸਾਡੇ ਲਈ ਕੋਈ ਕੁੱਝ ਨਹੀਂ ਕਰਦਾ। ਪਰ ਇਨ੍ਹਾਂ ਦੀ ਓਹ ਗੱਲ ਹੈ ਕਿ ਸ਼ਹੀਦੀ ਦੇਣ ਲਈ ਭਗਤ ਸਿੰਘ ਤਾਂ ਫੇਰ ਜੰਮੇ ਪਰ ਜੰਮੇ ਗੁਆਢੀਆਂ ਦੇ ਘਰ, ਸਾਨੂੰ ਕੋਈ ਕੁਰਬਾਨੀ ਨਾ ਦੇਣੀ ਪਵੇ, ਸਾਨੂੰ ਨਾ ਕੁੱਝ ਕਰਨਾ ਪਵੇ। ਅਸੀਂ ਢਾਢੀ ਕਵੀਸ਼ਰ ਕਲਾ ਦੀ ਪ੍ਰਫੁਲਤਾ ਲਈ ਅਤੇ ਇਨ੍ਹਾਂ ਜੱਥਿਆਂ ਨੂੰ ਆ ਰਹੀਆਂ ਕਈ ਪ੍ਰਕਾਰ ਦੀਆਂ ਮੁਸ਼ਕਿਲਾ ਨੂੰ ਹੱਲ ਕਰਨ ਲਈ ਢਾਢੀ ਕਵੀਸ਼ਰ ਕਲਾਂ ਨੂੰ ਸਮਰਪਿਤ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ ਸੀ। ਪਰ ਅਫਸੋਸ ਦੀ ਗੱਲ ਹੈ ਕਿ ਇਸ ਅੰਕ ਵਿੱਚ ਢਾਢੀ ਕਵੀਸ਼ਰ ਜੱਥਿਆਂ ਦੀ ਹਾਜਰੀ ਨਾ ਦੇ ਬਰਾਬਰ ਹੀ ਰਹੀ ਹੈ। ਇਸ ਢਾਢੀ ਕਵੀਸ਼ਰ ਕਲਾਂ ਨੂੰ ਸਮਰਪਿਤ ਵਿਸ਼ੇਸ਼ ਅੰਕ ਵਿੱਚ ਸਾਰੇ ਢਾਢੀ ਕਵੀਸ਼ਰ ਵੱਲੋਂ ਇਸ਼ਤਿਹਾਰ ਦੇਣਾ ਤਾਂ ਦੂਰ ਦੀ ਗੱਲ ਹੈ ਕੁੱਝ ਕੁ ਜੱਥਿਆਂ ਨੂੰ ਛੱਡ ਕੇ ਬਾਕੀ ਕਿਸੇ ਨੇ ਇਸ ਅੰਕ ਲਈ ਕੋਈ ਸੁਝਾਅ, ਸੰਦੇਸ਼ ਜਾਂ ਢਾਢੀ ਕਵੀਸ਼ਰ ਕਲਾਂ ਬਾਰੇ ਚਾਰ ਸ਼ਬਦ ਵੀ ਲਿਖ ਕੇ ਨਹੀਂ ਭੇਜੇ ਗਏ ।

ਮੈਂ ਹੁਣ ਤੱਕ ਜਿਨ੍ਹੇ ਵੀ ਸਪਲੀਮੈਂਟ ਪ੍ਰਕਾਸ਼ਿਤ ਕੀਤੇ ਹਨ ਉਨ੍ਹਾ ਵਿਚੋਂ ਸਭ ਤੋਂ ਵੱਧ ਜੋਰ ਮੈਂ ਇਸ ਅੰਕ ਨੂੰ ਪ੍ਰਕਾਸ਼ਿਤ ਕਰਨ ਤੇ ਲਾਇਆ। ਜਿਨ੍ਹੇ ਜੱਥੇ ਮੇਰੇ ਸੰਪਰਕ ਵਿੱਚ ਸਨ ਜਿਨ੍ਹਾ ਵਿੱਚ ਕਈ ਨਾਮਵਰ ਜੱਥੇ ਵੀ ਸਾਮਿਲ ਹਨ ਉਨ੍ਹਾ ਨੂੰ ਮੈਂ ਇਕੱਲੇ-ਇਕੱਲੇ ਜੱਥੇ ਨੂੰ ਮੈਸਿਜ ਭੇਜੇ ਪਰ ਕਿਸੇ ਜੱਥੇ ਨੇ ਇਹ ਵੀ ਰਿਪਲਾਏ ਨਹੀਂ ਕੀਤਾ ਕਿ ਤੁਹਾਡਾ ਧੰਨਵਾਦ! ਤੁਸੀਂ ਸਾਡੀ ਢਾਢੀ ਕਵੀਸ਼ਰਾਂ ਬਾਰੇ ਕੁਝ ਕਰਨ ਬਾਰੇ ਸੋਚਿਆ ਹੈ। ਖੈਰ! ਸਾਡਾ ਤਾਂ ਇਹ ਫਰਜ ਸੀ, ਅਸੀਂ ਨਿਭਾਇਆ।

ਕਈ ਵਾਰ ਕੁੱਝ ਧਾਰਮਿਕ ਪ੍ਰੋਗਰਾਮਾਂ ਤੇ ਕੁੱਝ ਢਾਢੀ ਕਵੀਸ਼ਰ ਜੱਥਿਆਂ ਨੂੰ ਟਾਈਮ ਲਗਾਉਣ ਲਈ ਆਪਸ ਵਿੱਚ ਲੜਦੇ ਵੇਖੀਦਾ ਹੈ ਅਤੇ ਪ੍ਰਬੰਧਕਾਂ ਤੋ ਸੋ-ਪੰਜਾਹ ਰੁਪਏ ਹੋਰ ਲੈਣ ਲਈ ਹਾੜੈ ਕੱਢਦੇ ਦੇਖੀਦਾ ਹੈ ਤਾਂ ਮਨ ਦੁਖੀ ਹੋ ਜਾਂਦਾ ਹੈ ਕਿ ਜਿਸ ਕਲਾ ਨੂੰ ਗੁਰੂ ਸਾਹਿਬਾਨਾਂ ਨੇ ਇੰਨੀ ਵਡਿਆਈ ਦਿੱਤੀ। ਅੱਜ ਦੇ ਇਹ ਅਖੋਤੀ ਢਾਡੀ ਕਵੀਸ਼ਰ ਜੱਥੇ ਇਸ ਕਲਾ ਨੂੰ ਚੰਦ ਟੁਕੜਿਆਂ ਖਾਤਰ ਮਿੱਟੀ ਵਿੱਚ ਰੋਲ ਰਹੇ ਹਨ। ਸਿਰਫ ਢੰਡ-ਸਰੰਗੀ ਚੁੱਕ ਕੇ ਕੋਈ ਢਾਢੀ ਕਵੀਸ਼ਰ ਨਹੀਂ ਬਣ ਜਾਦਾ। ਅਣਜਾਨ ਅਤੇ ਗੁਰੂ ਤੋਂ ਸੱਖਣੇ ਜੱਥੇ ਮੁਫਤ ਵਿੱਚ ਪ੍ਰੋਗਰਾਮਾਂ ਵਿੱਚ ਤੁਰੇ ਫਿਰਦੇ ਹਨ ਤਾਹੀਂ ਉਨ੍ਹਾ ਦੀ ਕਦਰ ਨਹੀਂ ਪੈਦੀ। ਇਹੀ ਕਾਰਨ ਹੈ ਲੋਕ ਵਿਆਹ ਅਤੇ ਧਾਰਮਿਕ ਪ੍ਰੋਗਰਾਮਾ ਸਮੇਂ ਵੀ ਰਾਗੀ, ਢਾਢੀ ਤੇ ਕਵੀਸ਼ਰ ਨੂੰ ਪੰਜ ਹਜਾਰ ਦੇਣ ਲੱਗੇ ਵੀ ਔਖੇ ਹੋ ਕੇ ਦਿੰਦੇ ਹਨ ਅਤੇ ਡੀ.ਜੇ. ਵਾਲੇ ਨੂੰ ਪੰਜਾਹ ਹਜਾਰ ਵੀ ਹੱਸ ਕੇ ਫੜਾ ਦਿੰਦੇ ਹਨ।

ਢਾਢੀ ਕਵੀਸ਼ਰ ਵੀਰੋ! ਮੁਫਤ ਦੀ ਕਿਸੇ ਵੀ ਚੀਜ ਦੀ ਕਦਰ ਨਹੀਂ ਹੁੰਦੀ। ਰੱਬ ਨੇ ਜੋ ਤੁਹਾਨੂੰ ਬਹੁਮੁੱਲੀ ਕਲਾ ਬਖਸੀ ਹੈ ਉਸ ਦੀ ਕਦਰ ਕਰੋ। ਅਸੀਂ ਹੁਣ ਢਾਢੀ ਕਲਾ ਬਚਾਓ ਲਹਿਰ ਦਾ ਪੁਨਰ ਗਠਨ ਕੀਤਾ ਹੈ। ਜਿਸ ਦੇ ਮੁੱਖ ਸੇਵਾਦਾਰ ਸਾਡੇ ਮੈਗਜੀਨ ਦੇ ਧਾਰਮਿਕ ਸੰਪਾਦਕ ਸਾਧੂ ਸਿੰਘ ਧੰਮੂ ਅਤੇ ਪ੍ਰਧਾਨ ਅੰਤਰ-ਰਾਸ਼ਟਰੀ ਪ੍ਰਸਿੱਧ ਕਵੀਸ਼ਰ ਜਗਜੀਵਨ ਸਿੰਘ ਰੋਡੇ ਨੂੰ ਨਿਯੁਕਤ ਕੀਤਾ ਹੈ। ਹੁਣ ਢਾਢੀ ਕਵੀਸ਼ਰ ਜੱਥਿਆਂ ਦੀਆਂ ਮੁਸ਼ਕਿਲਾਂ ਅਤੇ ਉਨ੍ਹਾ ਦੇ ਹੱਲ ਲਈ ਇਸ ਸੰਸਥਾ ਨਾਲ ਜੁੜੋ, ਹੋਰਨਾ ਨੂੰ ਵੀ ਜੋੜੋ ਅਤੇ ਆਪਣੀ ਅਣਮੋਲ ਕਲਾ ਦੀ ਪ੍ਰਫੁਲਤਾ ਵਿੱਚ ਯੋਗਦਾਨ ਪਾਓ।

ਵਾਹਿਗੁਰੂ ਮਿਹਰ ਕਰੇ! ਨਵੇਂ ਢਾਢੀ ਕਵੀਸ਼ਰ ਗੁਰੂ ਜੀ ਦੀ ਬਖਸ਼ੀ ਇਸ ਕਲਾ ਦੀ ਕਦਰ ਕਰਦੇ ਹੋਏ ਆਪਣਾ ਵਜੂਦ ਸਥਾਪਿਤ ਕਰਨ ਤਾਂ ਜੋ ਇਸ ਕਲਾ ਦਾ ਭਵਿੱਖ ਸੁਰੱਖਿਅਤ ਅਤੇ ਚੜਦੀ ਕਲਾ ਵਾਲਾ ਹੋਵੇ।

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
# ਮਹਿਕ ਵਤਨ ਦੀ
'Mehak Watan Di Live' ● ਲਾਈਵ

Titel Regd. No. PUNPUN 04016 Year 05 Edition 05 Issue Date: 10-Aug.-2020

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਆਨਰੇਰੀ ਉੱਪ-ਮੁੱਖ ਸੰਪਾਦਕ : ਭਾਗਵੰਤੀ ਪੁਰਬਾ
ਸੰਪਾਦਕ : ਕੁਲਵਿੰਦਰ ਤਾਰੇਵਾਲਾ
ਧਾਰਮਿਕ ਸੰਪਾਦਕ : ਸਾਧੂ ਸਿੰਘ ਧੰਮੂ
ਸਾਹਿਤਕ ਸੰਪਾਦਕ : ਜਸਵੀਰ ਪੜੈਣ
ਸਹਿ ਸੰਪਾਦਕ : ਇਕਬਾਲ ਖੋਸਾ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਕਾਨੂੰਨੀ ਸਲਾਹਕਾਰ : ਐਡਵੋਕੇਟ ਨਸੀਬ ਬਾਵਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ




# ਨਜ਼ਰੀਆ ਆਪੋ ਆਪਣਾ ...!

## ਚੰਦੂ ਮਾਜਰਾ ਦੇ ਦੋਨੀ ਹੱਥੀ ਲੱਡੂ

ਜਦੋਂ ਦਾ ਅਕਾਲੀ ਦਲ ਤੇ ਸੰਕਟ ਆਇਆ ਹੈ ਪਹਿਲੀ ਕਤਾਰ ਦੇ ਲੀਡਰ ਇੱਕ ਇੱਕ ਕਰਕੇ ਪਾਰਟੀ ਛੱਡ ਰਹੇ ਹਨ। ਪਹਿਲਾ ਬ੍ਰਹਮਪੁਰਾ ਤੇ ਸੇਖਵਾ. ਰਤਨ ਅਜਨਾਲਾ ਵਰਗੇ ਆਗੂ ਪਾਰਟੀ ਨੂੰ ਅਲਵਿਦਾ ਕਹਿ ਗਏ ਤਾਂ ਪਾਰਟੀ ਚ ਇੱਕਦਮ ਤੂਫ਼ਾਨ ਆ ਗਿਆ। ਅੰਦਰ ਖਾਤੇ ਮਨਾਉਣ ਦੀ ਕੋਸ਼ਿਸ਼ ਵੀ ਹੋਈ, ਪਰ ਸਭ ਵਿਅਰਥ ਕਿਉਂਕਿ ਰੁੱਸੇ ਲੀਡਰ ਸੁਖਬੀਰ ਬਾਦਲ ਦੀ ਕਮਾਂਡ ਹੇਠ ਕੰਮ ਨਹੀਂ ਕਰਨਾ ਚਾਹੁੰਦੇ ਸਨ। ਅਜੇ ਬਾਦਲ ਦਲ ਇਸ ਝਟਕੇ ਤੋਂ ਬਾਹਰ ਨਹੀਂ ਸੀ ਆਇਆ ਕਿ ਸੁਖਦੇਵ ਸਿੰਘ ਢੀਂਡਸਾ ਨੇ ਬਗ਼ਾਵਤ ਕਰ ਦਿੱਤੀ। ਜਿਸ ਕਾਰਣ ਪਾਰਟੀ ਦਾ ਗ੍ਰਾਫ ਹੋਰ ਥੱਲੇ ਆ ਗਿਆ ਤੇ ਸੁਖਬੀਰ ਬਾਦਲ ਦੀ ਪ੍ਰਧਾਨਗੀ ਤੇ ਵੀ ਸੁਆਲ ਉੱਠਣ ਲੱਗੇ।

ਸਰਦਾਰ ਸੁਖਬੀਰ ਸਿੰਘ ਬਾਦਲ ਨੇ ਵੀ ਮੋਕੇ ਦੀ ਨਜ਼ਾਕਤ ਸਮਝਦਿਆਂ ਆਪਣੇ ਆਪ ਨੂੰ ਥੋੜਾ ਕੁ ਲਿਬਰਲ ਕੀਤਾ ਤੇ ਆਪਣੀ ਸੁਰ ਵੀ ਨਰਮ ਕੀਤੀ ਤੇ ਵੱਡੇ ਅਕਾਲੀ ਨੇਤਾਵਾਂ ਦੀ ਪੁੱਛ-ਗਿੱਛ ਵੱਧ ਕਰਨ ਲੱਗਾ। ਆਪਣਾ ਬਿਜਨੈਸ ਘੇਰਾ ਤੋੜ ਕੇ ਲੋਕਾਂ 'ਚ ਵਿਚਰਣ ਲੱਗਾ ਅਤੇ ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਦਾ ਸਤਿਕਾਰ ਵੀ ਵਧਿਆ, ਪਾਰਟੀ ਦੇ ਹਰ ਮਸਲੇ ਤੇ ਉਸ ਨਾਲ ਸਲਾਹ ਮਸ਼ਵਰਾ ਹੋਣ ਲੱਗਾ।

ਇੱਥੇ ਇਹ ਦੱਸ ਦੇਈਏ ਜੇ ਸੁਖਦੇਵ ਸਿੰਘ ਢੀਂਡਸਾ ਦੀ ਦਿੱਲੀ ਦੇ ਸਿੱਖ ਆਗੂਆ ਨਾਲ ਨੇੜਤਾ ਹੈ ਤਾਂ ਸਰਦਾਰ ਪ੍ਰੇਮ ਸਿੰਘ ਚੰਦੂ ਮਾਜਰਾ ਦਾ ਵੀ ਬਾਹਰਲੀਆਂ ਸਟੇਟਾਂ ਵਿੱਚ ਸਿੱਖ ਆਗੂਆਂ ਵਿੱਚ ਪੂਰਾ ਮਾਣ ਸਤਿਕਾਰ ਹੈ। ਪਰ ਚੰਦੂਮਾਜਰਾ ਵੀ ਦਿਲ 'ਚ ਕਈ ਅਰਮਾਨ ਪਾਲੀ ਬੈਠਾ ਹੈ ਨਾਲੇ ਸਿਆਸਤ 'ਚ ਦੁਸ਼ਮਣੀ ਸਥਾਈ ਨਹੀਂ ਹੁੰਦੀ। ਅਤੀਤ ਗਵਾਹ ਹੈ ਬਹੁਤੇ ਲੀਡਰ ਹਵਾ ਦਾ ਰੁੱਖ ਵੇਖ ਕੇ ਉਸ ਬੇੜੀ 'ਚ ਸਵਾਰ ਹੋ ਜਾਂਦੇ ਹਨ। ਸੁਖਦੇਵ ਸਿੰਘ ਢੀਂਡਸਾ ਤੇ ਚੰਦੂਮਾਜਰਾ ਦੇ ਦਿੱਲੀ ਵਾਲੇ ਸਾਂਝੇ ਦੋਸਤ ਪੂਰੀ ਤਨਦੇਹੀ ਨਾਲ ਦੋਨਾ ਸਿੱਖ ਆਗੂਆਂ ਨੂੰ ਇਕੱਠਾ ਕਰਨ 'ਚ ਦਿਨ ਰਾਤ ਇੱਕ ਕਰ ਰਹੇ ਹਨ।

ਪਿਛਲੇ ਦਿਨੀਂ ਇੱਕ ਖ਼ਬਰ ਚੰਦੂਮਾਜਰਾ ਦੇ ਅਕਸ ਨੂੰ ਢਾਹ ਲਾਉਣ ਲਈ ਢੀਂਡਸਾ ਸਾਹਿਬ ਦੇ ਨਾਂ ਹੇਠ ਜੋ ਵਾਇਰਲ ਹੋਈ ਸੀ ਪਰ ਢੀਂਡਸਾ ਸਾਹਿਬ ਨੇ ਇੱਕਦਮ ਹਰਕਤ ਚ ਆ ਕੇ ਖ਼ਬਰ ਦਾ ਖੰਡਨ ਕਰ ਦਿੱਤਾ ਤਾਂ ਜੋ ਬਣ ਰਹੀਆਂ ਸਿਆਸੀ ਨਜਦੀਕੀਆ 'ਚ ਕਿਤੇ ਖੜੋਤ ਨਾ ਜਾਵੇ।

ਚੰਦੂਮਾਜਰਾ ਨੇ ਵੀ ਇਸ ਖ਼ਬਰ ਦੀ ਸੱਚਾਈ ਜਾਨਣ ਲਈ ਸਾਈਬਰ ਸੈਲ 'ਚ ਪਹੁੰਚ ਕੀਤੀ ਹੈ।ਇਸੇ ਕਰਕੇ ਇਹ ਅਕਾਲੀ ਲੀਡਰ ਸੁਖਬੀਰ ਬਾਦਲ ਤੇ ਢੀਂਡਸਾ ਦੇ ਅੱਖਾਂ ਦਾ ਤਾਰਾ ਬਣਿਆਂ ਹੋਇਆਂ ਹੈ।

– ਕੁਲਵਿੰਦਰ ਸਿੰਘ ਤਾਰੇਵਾਲਾ

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

ਵਿਸ਼ੇਸ ਨੋਟ
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।